15ਵੀਂ ਵਿਧਾਨ ਸਭਾ

ਦੂਜਾ ਸਮਾਗਮ

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 3

**ਸ਼ੁੱਕਰਵਾਰ, 16 ਜੂਨ, 2017**

**(10.00 ਵਜੇ ਸਵੇਰ ਤੋਂ 03.00 ਵਜੇ ਬਾਅਦ ਦੁਪਹਿਰ ਤੱਕ)**

1. **ਡਿਪਟੀ ਸਪੀਕਰ ਦੀ ਚੋਣ**

ਮਾਨਯੋਗ ਮੁੱਖ ਮੰਤਰੀ ਨੇ ਪ੍ਰਸਤਾਵ ਕੀਤਾ ਕਿ ਸਰਦਾਰ ਅਜਾਇਬ ਸਿੰਘ ਭੱਟੀ, ਐਮ.ਐਲ.ਏ. ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਸਦਨ ਵਿਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ।

ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਨੇ ਪ੍ਰਸਤਾਵ ਦੀ ਪ੍ਰੋੜ੍ਹਤਾ ਕੀਤੀ।

ਡਿਪਟੀ ਸਪੀਕਰ ਦੇ ਅਹੁਦੇ ਲਈ ਕਿਸੇ ਵੀ ਹੋਰ ਮੈਂਬਰ ਦਾ ਨਾਮ ਪੇਸ਼ ਨਾ ਹੋਣ ਕਰਕੇ ਸਰਦਾਰ ਅਜਾਇਬ ਸਿੰਘ ਭੱਟੀ ਸਰਬਸੰਮਤੀ ਨਾਲ ਡਿਪਟੀ ਸਪੀਕਰ ਵਜੋਂ ਚੁਣੇ ਗਏ।

ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ, ਸਥਾਨਕ ਸਰਕਾਰ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ, ਸਰਦਾਰ ਹਰਵਿੰਦਰ ਸਿੰਘ ਫੂਲਕਾ, ਵਿਰੋਧੀ ਧਿਰ ਦੇ ਨੇਤਾ, ਸਰਦਾਰ ਰਣਦੀਪ ਸਿੰਘ, ਐਮ.ਐਲ.ਏ., ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ., ਸਰਦਾਰ ਹਰਜੋਤ ਕਮਲ ਸਿੰਘ, ਐਮ.ਐਲ.ਏ. ਅਤੇ ਸਰਦਾਰ ਅੰਗਦ ਸਿੰਘ, ਐਮ.ਐਲ.ਏ., ਸਰਦਾਰ ਅਜਾਇਬ ਸਿੰਘ ਭੱਟੀ ਨੂੰ ਡਿਪਟੀ ਸਪੀਕਰ ਦੀ ਕੁਰਸੀ ਤੱਕ ਲੈ ਕੇ ਗਏ ਅਤੇ ਰਸਮੀ ਤੌਰ ਤੇ ਉਨ੍ਹਾਂ ਨੂੰ ਕੁਰਸੀ ਤੇ ਬਿਠਾਇਆ।

2. **ਵਧਾਈ ਭਾਸ਼ਣ**

ਸਭ ਤੋਂ ਪਹਿਲਾਂ ਮਾਨਯੋਗ ਮੁੱਖ ਮੰਤਰੀ ਨੇ ਸਰਦਾਰ ਅਜਾਇਬ ਸਿੰਘ ਭੱਟੀ ਨੂੰ ਸਰਬ-ਸੰਮਤੀ ਨਾਲ ਡਿਪਟੀ ਸਪੀਕਰ ਵਜੋਂ ਚੁਣੇ ਜਾਣ ਤੇ ਵਧਾਈ ਦਿੱਤੀ ਅਤੇ 02 ਮਿੰਟ ਲਈ ਬੋਲੇ। ਇਸ ਤੋਂ ਬਾਅਦ ਨਿਮਨਲਿਖਤ ਮਾਨਯੋਗ ਮੈਂਬਰਾਂ ਨੇ ਵੀ ਵਧਾਈ ਭਾਸ਼ਣ ਦਿੱਤੇ :-

| | | |
|---|---|---|
| 1. | ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ | 02 ਮਿੰਟ |
| 2. | ਸ਼੍ਰੀ ਸੋਮ ਪ੍ਰਕਾਸ਼, ਭਾਰਤੀ ਜਨਤਾ ਪਾਰਟੀ | 02 ਮਿੰਟ |
| 3. | ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ | 02 ਮਿੰਟ |

ਮਾਨਯੋਗ ਸਪੀਕਰ ਨੇ ਵੀ ਸਰਦਾਰ ਅਜਾਇਬ ਸਿੰਘ ਭੱਟੀ ਨੂੰ ਉਨ੍ਹਾਂ ਦੇ ਸਰਬ-ਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੱਤੀ।

ਇਸ ਉਪਰੰਤ, ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਸਾਰੇ ਮਾਨਯੋਗ ਮੈਂਬਰਾਂ ਦਾ ਉਨ੍ਹਾਂ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਧੰਨਵਾਦ ਕੀਤਾ।

3. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 12 | 3 | (2) → (3) | (3) → (2) | 13 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 20

4. **ਵਾਕ ਆਊਟ**

ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ, ਸਰਦਾਰ ਸਿਮਰਜੀਤ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ ਦੀ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਤੋਂ ਕੱਲ੍ਹ ਹੋਈ ਮੁਅੱਤਲੀ ਸਬੰਧੀ ਬੋਲਣ ਦਾ ਸਮਾਂ ਨਾ ਦੇਣ ਦੇ ਵਿਰੋਧ ਵਜੋਂ ਸਦਨ ਵਿੱਚੋਂ ਵਾਕ ਆਊਟ ਕਰ ਗਏ।

ਜਾਰੀ/......

5. ਧਰਨਾ

ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ ਉਨ੍ਹਾਂ ਦੇ ਪ੍ਰਸ਼ਨ ਨੰ. 423 ਤੇ ਐਕਸਟੈਂਸ਼ਨ ਦਿੱਤੇ ਜਾਣ ਦੇ ਵਿਰੋਧ ਵਿੱਚ ਸਦਨ ਵਿੱਚ ਆਪਣੀ ਸੀਟ ਦੇ ਕੋਲ ਧਰਨੇ ਤੇ ਬੈਠ ਗਏ।

6. ਵਿਸ਼ੇਸ਼ ਅਧਿਕਾਰ ਹਨਣ ਮਤਾ

ਸੰਸਦੀ ਮਾਮਲੇ ਮੰਤਰੀ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ, ਆਮ ਆਦਮੀ ਪਾਰਟੀ ਦੁਆਰਾ ਸਦਨ ਦੇ ਅੰਦਰ ਮੂਵੀ ਬਣਾ ਕੇ ਫੇਸ-ਬੁੱਕ ਤੇ ਅਪਲੋਡ ਕਰਨ ਦੇ ਮਾਮਲੇ ਤੇ ਉਨ੍ਹਾਂ ਖਿਲਾਫ ਵਿਸ਼ੇਸ਼ ਅਧਿਕਾਰ ਦਾ ਨਿਮਨਲਿਖਤ ਮਤਾ ਪੇਸ਼ ਕੀਤਾ ਜੋ ਕਿ ਸਦਨ ਵੱਲੋਂ ਪ੍ਰਵਾਨ ਹੋਇਆ:

> "ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ, ਆਮ ਆਦਮੀ ਪਾਰਟੀ ਨੇ ਅੱਜ ਹਾਊਸ ਦੇ ਅੰਦਰ ਮੂਵੀ ਬਣਾ ਕੇ ਫੇਸ ਬੁੱਕ ਤੇ ਅਪਲੋਡ ਕੀਤੀ ਹੈ, ਜਿਸ ਨਾਲ ਸਦਨ ਦੀ ਮਰਿਆਦਾ ਦਾ ਹਨਣ ਹੋਇਆ ਹੈ। ਇਸ ਲਈ ਉਨ੍ਹਾਂ ਖਿਲਾਫ ਐਕਸ਼ਨ ਲੈ ਕੇ ਇਹ ਮਾਮਲਾ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

7. ਮੈਂਬਰ ਦੀ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲੀ

ਮਾਨਯੋਗ ਸਪੀਕਰ ਦੁਆਰਾ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ., ਆਮ ਆਦਮੀ ਪਾਰਟੀ ਨੂੰ ਸਦਨ ਦੀ ਮਰਿਆਦਾ ਭੰਗ ਕਰਨ ਲਈ ਦੋ ਵਾਰ ਨੇਮਿੰਗ ਕਰਨ ਉਪਰੰਤ ਉਹ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਹੋ ਗਏ।

8. ਧਿਆਨ ਦਿਵਾਊ ਨੋਟਿਸ

1. ਧਿਆਨ ਦਿਵਾਊ ਨੋਟਿਸ ਨੰ: 5 ਪੇਸ਼ ਨਹੀਂ ਕੀਤਾ ਗਿਆ।

2. ਸਰਦਾਰ ਕੁਲਜੀਤ ਸਿੰਘ ਨਾਗਰਾ, ਐਮ.ਐਲ.ਏ ਨੇ ਪੰਜਾਬ ਵਿਚ ਵੈਧ ਰੂਟ ਪਰਮਿਟਾਂ, ਰਜਿਸਟਰੇਸ਼ਨ ਸਰਟੀਫਿਕੇਟ, ਰੋਡ ਟੈਕਸ ਦਸਤਾਵੇਜਾਂ ਆਦਿ ਤੋਂ ਬਿਨਾਂ ਵੱਡੀ ਗਿਣਤੀ ਵਿਚ ਨਜਾਇਜ਼ ਤੌਰ ਤੇ ਚੱਲ ਰਹੀਆਂ ਪ੍ਰਾਈਵੇਟ ਬੱਸਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ।

   (ਨੰ: 6)

   ਮਾਨਯੋਗ ਮੁੱਖ ਮੰਤਰੀ ਨੇ ਜਵਾਬ ਦਿੱਤਾ।

3. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ ਨੇ ਜਮਾਤ X ਅਤੇ ਜਮਾਤ XII ਦੇ ਮਾੜੇ ਨਤੀਜਿਆਂ ਵੱਲ ਸਰਕਾਰ ਦਾ ਧਿਆਨ ਦਿਵਾਇਆ।

   (ਨੰ: 7)

   ਸਿੱਖਿਆ ਮੰਤਰੀ ਨੇ ਜਵਾਬ ਦਿੱਤਾ।

9. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ.ਨੰ: IV ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 7 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

10. ਸਦਨ ਦਾ ਸਮਾਂ ਵਧਾਉਣਾ

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦਾ ਸਮਾਂ ਸ਼ਾਮ 03 ਵਜੇ ਤੱਕ (ਅੱਧੇ ਘੰਟੇ ਲਈ) ਵਧਾਇਆ ਗਿਆ।

11. ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ

ਮਾਨਯੋਗ ਮੈਂਬਰ ਸ਼੍ਰੀ ਰਾਜ ਕੁਮਾਰ ਵੇਰਕਾ, ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਪੇਸ਼ ਕੀਤਾ ਗਿਆ ਜਿਸ ਦੀ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪ੍ਰੋੜ੍ਹਤਾ ਕੀਤੀ ਗਈ:-

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 28 ਮਾਰਚ, 2017 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ"।

ਜਾਰੀ/......

12. ਵਾਕ ਆਊਟ

ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਐਮ.ਐਲ.ਏ., ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸਦਨ ਵਿੱਚ ਦਾਖਲ ਨਾ ਹੋਣ ਦੇਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

13. ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਦੇ ਮਤੇ ਤੇ ਬਹਿਸ

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਦੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸ਼੍ਰੀ ਰਾਜ ਕੁਮਾਰ ਵੇਰਕਾ, ਇੰਡੀਅਨ ਨੈਸ਼ਨਲ ਕਾਂਗਰਸ | 24 ਮਿੰਟ |
| 2. | ਸਰਦਾਰ ਬਲਬੀਰ ਸਿੰਘ ਸਿੱਧੂ, ਇੰਡੀਅਨ ਨੈਸ਼ਨਲ ਕਾਂਗਰਸ | 40 ਮਿੰਟ |
| 3. | ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ | 10 ਮਿੰਟ |
| 4. | ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸ਼੍ਰੋਮਣੀ ਅਕਾਲੀ ਦਲ | 13 ਮਿੰਟ |
| 5. | ਸ਼੍ਰੀ ਸੋਮ ਪ੍ਰਕਾਸ਼, ਭਾਰਤੀ ਜਨਤਾ ਪਾਰਟੀ | 05 ਮਿੰਟ |
| 6. | ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਆਮ ਆਦਮੀ ਪਾਰਟੀ | 03 ਮਿੰਟ |
| 7. | ਪ੍ਰੋ. ਬਲਜਿੰਦਰ ਕੌਰ, ਆਮ ਆਦਮੀ ਪਾਰਟੀ | 09 ਮਿੰਟ |
| 8. | ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ, ਇੰਡੀਅਨ ਨੈਸ਼ਨਲ ਕਾਂਗਰਸ | 42 ਮਿੰਟ |
| 9. | ਮਿਸ ਰੁਪਿੰਦਰ ਕੌਰ ਰੂਬੀ, ਆਮ ਆਦਮੀ ਪਾਰਟੀ | 04 ਮਿੰਟ |
| 10. | ਸਰਦਾਰ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ | 03 ਮਿੰਟ |
| 11. | ਸ਼੍ਰੀ ਐਨ.ਕੇ.ਸ਼ਰਮਾ, ਸ਼੍ਰੋਮਣੀ ਅਕਾਲੀ ਦਲ | 04 ਮਿੰਟ |
| 12. | ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਆਮ ਆਦਮੀ ਪਾਰਟੀ | 04 ਮਿੰਟ |

ਸਦਨ ਦੇ ਸਥਗਿਤ ਹੋ ਜਾਣ ਕਾਰਨ ਮਾਨਯੋਗ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਮਿਤੀ 19 ਜੂਨ, 2017 ਨੂੰ ਬਹਿਸ ਜਾਰੀ ਰੱਖਣਗੇ।

14. ਮਾਨਯੋਗ ਸਪੀਕਰ ਦੁਆਰਾ ਰੂਲਿੰਗ

ਮਾਨਯੋਗ ਸਪੀਕਰ ਵੱਲੋਂ ਰੂਲਿੰਗ ਦਿੱਤੀ ਗਈ ਕਿ ਜੋ ਇਸ ਸਦਨ ਦਾ ਮੈਂਬਰ ਹੈ, ਉਸ ਦਾ ਸਦਨ ਅੰਦਰ ਨਾਂ ਲਿਆ ਜਾ ਸਕਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਡਿਫੈਂਡ ਕਰ ਸਕਦਾ ਹੈ।

15. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ

ਮਾਨਯੋਗ ਸਪੀਕਰ ਵੱਲੋਂ ਸਦਨ 10.56 ਵਜੇ ਸਵੇਰ ਤੋਂ 11.26 ਵਜੇ ਸਵੇਰ ਤੱਕ, 11.28 ਵਜੇ ਸਵੇਰ ਤੋਂ 11.38 ਵਜੇ ਸਵੇਰ ਤੱਕ ਸਥਗਿਤ ਕੀਤਾ ਗਿਆ।

16. ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ

ਮਾਨਯੋਗ ਸਪੀਕਰ ਵੱਲੋਂ ਸਰਦਾਰ ਰਵਨੀਤ ਸਿੰਘ ਬਿੱਟੂ, ਮੈਂਬਰ, ਲੋਕ ਸਭਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂ ਕਰਾਇਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ।

17. ਵਾਕ ਆਊਟ

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਮੂਹ ਮੈਂਬਰ ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਜੋਂ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

ਮਾਨਯੋਗ ਡਿਪਟੀ ਸਪੀਕਰ ਨੇ 12.48 ਵਜੇ ਬਾਅਦ ਦੁਪਹਿਰ ਤੋਂ 01.22 ਵਜੇ ਬਾਅਦ ਦੁਪਹਿਰ ਵਜੇ ਤੱਕ ਪ੍ਰਧਾਨਗੀ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸੋਮਵਾਰ ਮਿਤੀ 19 ਜੂਨ, 2017 ਦੇ 02.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
ਮਿਤੀ 16 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ
ਸਕੱਤਰ।

17/1/22
Principal Chief Reporter
Punjab Vidhan Sabha
Chandigrah